## ੴ ਸਤਿਗੁਰ ਪ੍ਰਸਾਦਿ - ਅਕਾਲ ਸਹਾਇ

ਗੁਰੂ ਪਿਆਰੀ ਸਾਧ ਸੰਗਤ ਜੀਓ! ਪੂਜਨੀਕ **ਬਾਬਾ ਜਸਵੰਤ ਸਿੰਘ ਜੀ ਖਾਲਸਾ ਜੀ** ਦੀ ਅਦੁੱਤੀ ਪ੍ਰੇਰਨਾ ਸਦਕਾ ਸਮੁੱਚੀ ਮਨੁੱਖਤਾ ਦੇ ਭਲੇ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਵਾਸਤੇ ਗੁਰਦਵਾਰਾ ਗੁਰੂ ਅਮਰਦਾਸ ਜੀ, ਸਾਊਥਾਲ ਵਿਖੇ 25 ਸਾਲ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਿਰੰਤਰ ਜਾਰੀ ਹਨ ਅਤੇ ਪੂਰਨਮਾਸ਼ੀ ਵਾਲ਼ੇ ਦਿਨ ਸ਼ਾਮ ਨੂੰ 6 ਤੋਂ 9 ਵਜੇ ਤੱਕ ਵਿਸ਼ੇਸ਼ ਦਿਵਾਨ ਸਜਦੇ ਹਨ। ਇਸੇ ਤਰਾਂ ਹੀ ਗੁਰਦਵਾਰਾ ਗੁਰਪੰਥ ਪ੍ਰਕਾਸ਼, ਲੈਸਟਰ ਵਿਖੇ ਮੂਲ ਮੰਤਰ ਅਤੇ ਵਾਹਿਗੁਰੂ ਸਿਮਰਨ ਦੇ ਪ੍ਰਵਾਹ ਪਿਛਲੇ 7 ਸਾਲਾਂ ਤੋਂ ਨਿਰੰਤਰ ਜਾਰੀ ਹਨ ਅਤੇ ਹਰ ਮੱਸਿਆ ਤੋਂ ਅਗਲੇ ਸ਼ਨੀਵਾਰ, ਸਵੇਰ ਤੋਂ ਸ਼ਾਮ ਤੱਕ ਸਮੂਹ ਸੰਗਤਾਂ ਵਲੋਂ ਸ਼ਰਧਾ ਸਹਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਲੜੀਵਾਰ ਪਾਠਾਂ ਦੀ ਸਮਾਪਤੀ ਉਪ੍ਰੰਤ ਭਾਰੀ ਕੀਰਤਨ ਦਰਬਾਰ ਸਜਦੇ ਹਨ ਜਿਨ੍ਹਾਂ ਦੀ ਸਮਾਪਤੀ ਸ਼ਾਮ 8 ਵਜੇ ਹੁੰਦੀ ਹੈ। ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ। ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਵੀ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ, ਗੁਰੂ ਦੀ ਬਾਣੀ ਸਰਵਣ ਕਰਕੇ, ਪਾਠਾਂ ਦੌਰਾਨ ਰੌਲ਼ ਦੀ ਸੇਵਾ, ਲੰਗਰਾਂ ਵਿੱਚ ਸੇਵਾ, ਬਰਤਨਾਂ ਦੀ ਸੇਵਾ ਜਾਂ ਕੋਈ ਵੀ ਹੋਰ ਸੇਵਾ ਲੈ ਕੇ ਮਨੁੱਖਾ ਜੀਵਨ ਸਫ਼ਲਾ ਕਰੋ ਅਤੇ ਸਤਿਗੁਰਾਂ ਦੀਆਂ ਅਸੀਸਾਂ ਦੇ ਪਾਤਰ ਬਣੋ ਜੀ। ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸੇਵਾ ਲੈਣ ਲਈ ਸੇਵਾਦਾਰਾਂ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ!

| ਮਹੀਨਾ Month | ਮੱਸਿਆ Massiya | ਸੰਗਰਾਂਦ Sangraand | ਪੂਰਨਮਾਸ਼ੀ Puranmashi |
|---|---|---|---|
| ਜਨਵਰੀ | 9 (9) | 14 | 23 |
| ਫਰਵਰੀ | 13 (8) | 13 | 22 |
| ਮਾਰਚ | 12 (9) | 14 | 23 |
| ਅਪ੍ਰੈਲ | 9 (7) | 13 | 22 |
| ਮਈ | 7 (6) | 14 | 21 |
| ਜੂਨ | 11 (5) | 14 | 20 |
| ਜੁਲਾਈ | 9 (4) | 16 | 19 |
| ਅਗਸਤ | 6 (2) | 16 | 18 |
| ਸਤੰਬਰ | 3 (1 ਸਤੰਬਰ) | 16 | 16 |
| ਅਕਤੂਬਰ | 1 (30 ਸਤੰਬਰ) | 16 | 16 |
| ਨਵੰਬਰ | 5 (30 ਅਕਤੂਬਰ) | 15 | 14 |
| ਦਸੰਬਰ | 3 (29 ਨਵੰਬਰ) | 15 | 13 |
| ਦਸੰਬਰ | 31 (29 ਦਸੰਬਰ) | 15 | 13 |

NOTE: Massiya falls on dates in brackets. GGPP Celebration dates are underlined

ਗੁਰ-ਸ਼ਬਦ ਪ੍ਰਧਾਨ ਸੇਵਕ ਜਥਾ


**ਗੁਰਦਵਾਰਾ ਗੁਰਪੰਥ ਪ੍ਰਕਾਸ਼**
19 Ashford Road - LE2 6AA
Tel : 0116 270 5577
Mobile: 07957 490235 / 07872 937116
e-mail: surinder@jagdev.com

**ਗੁਰਦਵਾਰਾ ਗੁਰੂ ਅਮਰਦਾਸ ਜੀ**
1A Clifton Road - UB2 5QP
Tel: 0208 574 3460
Mobile: 07956 660016
e-mail: dandmsaggu@gmail.com

www.gnsldh.org